BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਨੇ ਕੋਲੀਸ਼ਨ ਕਾਨਫਰੰਸ ਵਿੱਚ 35,000 ਤੋਂ ਵੱਧ ਅੰਤਰਰਾਸ਼ਟਰੀ ਦਰਸ਼ਕਾਂ ਦੇ ਸਾਮ੍ਹਣੇ ਬ੍ਰੈਂਪਟਨ ਨੂੰ ਪ੍ਰਦਰਸ਼ਿਤ ਕੀਤਾ

ਬ੍ਰੈਂਪਟਨ, ਓਨਟੈਰੀਓ (30 ਜੂਨ, 2022) – ਪਿਛਲੇ ਹਫਤੇ, ਸਿਟੀ ਆਫ ਬ੍ਰੈਂਪਟਨ ਨੇ ਟੋਰੋਂਟੋ (Toronto) ਵਿੱਚ ਕੋਲੀਸ਼ਨ ਕਾਨਫਰੰਸ (Collision Conference) ਵਿੱਚ 130 ਤੋਂ ਵੱਧ ਦੇਸ਼ਾਂ ਦੇ, 35,000 ਤੋਂ ਵੱਧ ਉੱਦਮੀਆਂ, ਸਟਾਰਟ-ਅਪਸ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੋਲਡ-ਆਊਟ ਕਾਨਫਰੰਸ ਵਿੱਚ, ਦੋ ਤੋਂ ਵੱਧ ਸਾਲਾਂ ਦੇ, ਸਭ ਤੋਂ ਵੱਡੇ ਵਿਅਕਤੀਗਤ ਟੈਕ ਇਕੱਠ ਵਿੱਚ ਬ੍ਰੈਂਪਟਨ ਨੂੰ ਪ੍ਰਦਰਸ਼ਿਤ ਕੀਤਾ।

ਬ੍ਰੈਂਪਟਨ ਬੂਥ ਨੇ ਤਿੰਨ ਦਿਨਾਂ ਤੱਕ ਹਜ਼ਾਰਾਂ ਆਉਣ ਵਾਲਿਆਂ (ਵਿਜੀਟਰਸ) ਨੂੰ ਆਕਰਸ਼ਿਤ ਕੀਤਾ, ਜਿਹਨਾਂ ਵਿੱਚ ਸ਼ਾਮਲ ਹਨ, ਸਰਕਾਰ ਦੇ ਮੰਤਰੀ ਅਤੇ ਸਪੋਰਟਸ ਅਤੇ ਮੀਡੀਆ ਦੀਆਂ ਸ਼ਖਸ਼ੀਅਤਾਂ। ਇਸਨੇ ਇਨੋਵੇਸ਼ਨ ਡਿਸਟ੍ਰਿਕਟ (Innovation District) ਅਤੇ ਇਸਦੇ ਭਾਈਵਾਲਾਂ, ਬ੍ਰੈਂਪਟਨ ਔਂਟਰਪ੍ਰੀਨਰ ਸੈਂਟਰ (Brampton Entrepreneur Centre), BHive ਬ੍ਰੈਂਪਟਨ (BHive Brampton), ਅਲਟੀਟਿਊਡ ਐਕਸਲਰੇਟਰ (Altitude Accelerator), ਦ ਫਾਊਂਡਰ ਇੰਸਟੀਟਿਊਟ (The Founder Institute), ਅਲਗੋਮਾ ਯੂਨੀਵਰਸਿਟੀ (Algoma University), ਸ਼ੈਰੀਡਨ ਕਾਲੇਜ (Sheridan College), ਰੋਜਰਸ ਸਾਇਬਰਸਿਕਿਓਰ ਕੈਟਾਲਿਸਟ (Rogers Cybersecure Catalyst), ਬ੍ਰੈਂਪਟਨ ਵੈਂਚਰ ਜ਼ੋਨ (Brampton Venture Zone) ਅਤੇ ਖਾਸ ਮਹਿਮਾਨ ਬ੍ਰੈਂਪਟਨ ਬੈਟਮੈਨ (Brampton Batman) ਨੂੰ ਪ੍ਰਦਰਸ਼ਿਤ ਕੀਤਾ।

ਸਟਾਰਟ-ਅਪਸ, ਉੱਦਮੀਆਂ ਅਤੇ ਕਮਿਉਨਿਟੀ ਲਈ ਇੱਕ ਮਜ਼ਬੂਤ ਈਕੋਸਿਸਟਮ ਬਣਾਉਣ ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ (Brampton Economic Development) ਨੇ, ਉੱਚ ਕੁਆਲਿਟੀ ਲੀਡਸ ਬਣਾਉਣ, ਮੌਜੂਦਾ ਕਾਰਪੋਰੇਟ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਅਤੇ ਇਨੋਵੇਸ਼ਨ, ਟੈਕਨੋਲੋਜੀ ਅਤੇ ਔਂਟਰਪ੍ਰੀਨਰਸ਼ਿਪ ਦੀਆਂ ਥਾਵਾਂ ਵਿੱਚ ਸਿਟੀ ਦੇ ਬ੍ਰਾਂਡ ਨੂੰ ਅੱਗੇ ਵਧਾਉਣ ਲਈ ਕੰਮ ਕੀਤਾ ਹੈ। ਬ੍ਰੈਂਪਟਨ ਟੀਮ, ਸੈਂਕੜੇ ਕੈਨੇਡਿਅਨ ਅਤੇ ਅੰਤਰਰਾਸ਼ਟਰੀ ਸਟਾਰਟ-ਅਪਸ, ਵੈਂਚਰ ਕੈਪੀਟਲ ਫਰਮਾਂ, ਏਂਜਲਸ ਅਤੇ ਨਿਵੇਸ਼ਕਾਂ ਦੇ ਨਾਲ ਜੁੜੀ ਹੈ ਅਤੇ ਉਹਨਾਂ ਨੂੰ ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ (Brampton Innovation District) ਵਿਖੇ ਆਉਣ ਦਾ ਸੱਦਾ ਦਿੱਤਾ ਹੈ – ਜਿਹਨਾਂ ਵਿੱਚੋਂ ਕਈਆਂ ਨੇ ਉਪਲਬਧ ਸਰਬੋਤਮ ਪ੍ਰੋਗਰਾਮਿੰਗ ਨਾਲ ਜੁੜਨ ਵਿੱਚ ਦਿਲਚਸਪੀ ਦਿਖਾਈ ਹੈ।

ਵੰਨ-ਸੁਵੰਨਤਾ, ਬਰਾਬਰੀ ਅਤੇ ਸ਼ਮੂਲੀਅਤ ਦੇ ਪ੍ਰਤੀ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ, ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਨੇ ਕੋਲੀਸ਼ਨ ਕਾਨਫਰੰਸ ਦੇ ਆਯੋਜਕਾਂ ਦੇ ਨਾਲ ਕੰਮ ਕੀਤਾ ਹੈ, ਜਿਹਨਾਂ ਨੇ ਬ੍ਰੈਂਪਟਨ ਦੇ 362 ਬਲੈਕ ਔਂਟਰਪ੍ਰੀਨਰਸ ਅਤੇ ਯੂਥ ਦੇ ਡੈਲੀਗੇਸ਼ਨ ਨੂੰ ਕੋਲੀਸ਼ਨ ਕਾਨਫਰੰਸ ਵਿੱਚ ਸ਼ਾਮਲ ਹੋਣ, ਉਸਦਾ ਫਾਇਦਾ ਲੈਣ ਅਤੇ ਉਸ ਵਿੱਚ ਹਿੱਸਾ ਲੈਣ ਲਈ, ਕੰਪਲੀਮੈਂਟਰੀ ਟਿਕਟਾਂ ਸਪਾਂਸਰ ਕੀਤੀਆਂ। ਸਿਟੀ ਨੇ ਕੋਲੀਸ਼ਨ ਵਿੱਚ ਸ਼ਾਮਲ ਹੋਣ ਵਾਲੇ, ਨੌਜਵਾਨ ਬਲੈਕ ਔਂਟਰਪ੍ਰੀਨਰਸ ਅਤੇ ਪ੍ਰੋਫੈਸ਼ਨਲਾਂ ਲਈ, ਬਿਲਡ ਬਲੈਕ ਕੈਨੇਡਾ (Build Black Canada) ਦੇ ਨੈੱਟਵਰਕਿੰਗ ਅਤੇ ਸ਼ਕਤੀਕਰਨ ਰਿਸੈਪਸ਼ਨ ਵਿੱਚ ਵੀ ਸਹਾਇਤਾ ਕੀਤੀ।

ਸਿਟੀ ਇਕੱਲੀ ਅਜਿਹੀ ਮਿਊਨਿਸਿਪਲਟੀ ਸੀ, ਜਿਸਨੇ ਕੋਲੀਸ਼ਨ ਪ੍ਰੋਗਰਾਮ ਵਿੱਚ ਆਯੋਜਿਤ ਅਫਰੀਕਾ ਡੇ (Africa Day) ਵਿੱਚ ਹਿੱਸਾ ਲਿਆ – ਇਹ ਇੱਕ ਕਾਰਜਕਰਮ ਸੀ, ਜਿਸਦੀ ਮੇਜਬਾਨੀ ਬੀ.ਕੇ.ਆਰ. ਕੈਪੀਟਲ (BKR Capital), ਟੈਕਸਟਾਰਸ (TechStars) ਅਤੇ ਡ੍ਰੀਮ ਲੀਗੇਸੀ ਫਾਊਂਡੇਸ਼ਨ (Dream Legacy Foundation) ਵੱਲੋਂ ਕੀਤੀ ਗਈ ਸੀ, ਜਿਹਨਾਂ ਨੇ ਕੋਲੀਸ਼ਨ ਵਿੱਚ ਅਫਰੀਕਾ ਦੇ ਟੌਪ ਸਟਾਰਟ-ਅਪਸ ਦਾ ਜਸ਼ਨ ਮਨਾਇਆ ਅਤੇ ਉਹਨਾਂ ਨੂੰ ਪ੍ਰਦਰਸ਼ਿਤ ਕੀਤਾ।

ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ ਦੇ 15 ਤੋਂ ਵੱਧ ਸਟਾਰਟ-ਅਪਸ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਿਆ ਸੀ ਅਤੇ ਉਹਨਾਂ ਨੂੰ ਕਾਨਫਰੰਸ ਵਿੱਚ ਆਪਣੇ ਖੁਦ ਦੇ ਬੂਥ ਦੇ ਨਾਲ ਪ੍ਰਦਰਸ਼ਿਤ ਕੀਤਾ। ਬ੍ਰੈਂਪਟਨ ਬੂਥ ਨੇ ਬ੍ਰੈਂਪਟਨ ਦੀ ਪ੍ਰਤਿਭਾ ਵਿਕਾਸ ਪਾਈਪਲਾਈਨ ਪ੍ਰਦਰਸ਼ਨੀ ਦੀ ਵੀ ਮੇਜਬਾਨੀ ਕੀਤੀ, ਜਿਸ ਵਿੱਚ ਲਾਈਵ ਰੋਬੋਟਿਕਸ ਡੈਮੋਨਸਟ੍ਰੇਸ਼ਨ ਪੇਸ਼ ਕੀਤਾ ਗਿਆ, ਜਿਸਦੀ ਅਗਵਾਈ ਸ਼ੈਰੀਡਨ ਕਾਲੇਜ ਦੇ ਸੈਂਟਰ ਫਾਰ ਐਡਵਾਂਸਡ ਮੈਨਯੁਫੈਕਚਰਿੰਗ ਐਂਡ ਡਿਜਾਈਨ ਟੈਕਨੋਲੋਜੀਸ (Centre for Advanced Manufacturing and Design Technologies) ਵੱਲੋਂ ਕੀਤੀ ਗਈ, ਇਸਦੇ ਨਾਲ ਹੀ ਅਲਗੋਮਾ ਯੂਨੀਵਰਸਿਟੀ ਦੇ ਨਵੇਂ ਈਸਪੋਰਟਸ (Esports) ਪ੍ਰੋਗਰਾਮ ਦਾ ਸਪੌਟਲਾਈਟ ਵੀ ਪ੍ਰਦਰਸ਼ਿਤ ਕੀਤਾ ਗਿਆ।

**ਕੋਲੀਸ਼ਨ ਬਾਰੇ**

ਕੋਲੀਸ਼ਨ (Collision), ਉੱਤਰੀ ਅਮਰੀਕਾ (North America) ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧ ਰਹੀ ਟੈਕ ਕਾਨਫਰੰਸ ਹੈ, ਇਹ "ਦੁਨੀਆ ਦੇ ਸਭ ਤੋਂ ਵਧੀਆ ਸਪੀਕਰਾਂ", ਟੈਕ ਦੀਆਂ ਮੁੱਖ ਕੰਪਨੀਆਂ ਅਤੇ ਟੌਪ ਮੀਡੀਆ ਨੂੰ ਇਕੱਠੇ ਲਿਆਉਂਦੀ ਹੈ। ਇਹ ਚੌਥੀ ਵਾਰ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਦੀ ਇਕੋਨੋਮਿਕ ਡਿਵੈਲਪਮੈਂਟ ਆਫਿਸ (Economic Development Office) ਟੀਮ ਨੇ, ਆਪਣੇ ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ (Brampton Innovation District) ਦੇ ਭਾਈਵਾਲਾਂ ਅਤੇ ਖਾਸ ਮਹਿਮਾਨ, ਬ੍ਰੈਂਪਟਨ ਬੈਟਮੈਨ ਦੇ ਨਾਲ ਮਿਲ ਕੇ ਇਕੱਠੇ, ਗਲੋਬਲ ਕਾਰਜਕਰਮ ਵਿੱਚ ਹਿੱਸਾ ਲਿਆ ਹੈ।

**ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ ਬਾਰੇ**

ਸਿਟੀ ਲਗਾਤਾਰ, ਇਨੋਵੇਸ਼ਨ ਅਤੇ ਉੱਦਮੀ ਈਕੋਸਿਸਟਮ ਬਣਾ ਕੇ, ਆਪਣੇ ਡਾਉਨਟਾਉਨ ਦਾ ਪੁਨਰ ਨਿਰਮਾਣ ਕਰ ਰਹੀ ਹੈ ਅਤੇ ਇਸਦੀ ਆਰਥਿਕ ਸਮਰੱਥਾ ਦਾ ਵੱਧ ਤੋਂ ਵੱਧ ਫਾਇਦਾ ਲੈ ਰਹੀ ਹੈ: ਬ੍ਰੈਂਪਟਨ ਇਨੋਵੇਸ਼ਨ ਡਿਸਟ੍ਰਿਕਟ (Brampton Innovation District)

ਇਨੋਵੇਸ਼ਨ ਡਿਸਟ੍ਰਿਕਟ ਦਾ ਸਪਸ਼ਟ ਧਿਆਨ, ਸਟਾਰਟ-ਅਪ ਸਕੇਲਿੰਗ, ਨਿਵੇਸ਼ ਆਕਰਸ਼ਣ ਅਤੇ ਪ੍ਰਤਿਭਾ ਵਿਕਾਸ ਉੱਤੇ ਹੈ ਅਤੇ ਇਹ ਉੱਦਮੀਆਂ ਅਤੇ ਨਵੇਂ ਕਾਰੋਬਾਰਾਂ ਲਈ ਲੋਕਲ ਸਹਾਇਤਾ ਪ੍ਰਦਾਨ ਕਰਦਾ ਹੈ। ਇਹ ਨਵੀਂ ਟੈਕਨੋਲੋਜੀ ਬਣਾਉਣ ਵਿੱਚ, ਇਨੋਵੇਸ਼ਨ ਅਤੇ ਟੈਕਨੋਲੋਜੀ ਕੰਪਨੀਆਂ ਦੀ ਸਹਾਇਤਾ ਲਈ ਵਸੀਲੇ ਵੀ ਪੇਸ਼ ਕਰਦਾ ਹੈ। 2019 ਵਿੱਚ ਸਮਝੌਤੇ ਸ਼ੁਰੂ ਕਰਕੇ, ਸਿਟੀ ਨੇ ਆਪਣੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਇਨੋਵੇਸ਼ਨ ਡਿਸਟ੍ਰਿਕਟ ਦੇ ਭਾਈਵਾਲਾਂ ਦੇ ਦੁਆਰਾ ਕੀਤੇ ਜਾ ਰਹੇ ਨਿਵੇਸ਼ਾਂ ਵਿੱਚ, ਲਗਭਗ 55.2 ਮਿਲੀਅਨ ਡਾਲਰ ਦੇ ਵਾਧੂ ਨਿਵੇਸ਼ ਦੇ ਨਾਲ, ਲਗਭਗ 20.5 ਮਿਲੀਅਨ ਡਾਲਰ ਦੇ ਨਿਵੇਸ਼ ਲਈ ਵਚਨਬੱਧਤਾ ਕੀਤੀ ਹੈ।

ਇਨੋਵੇਸ਼ਨ ਡਿਸਟ੍ਰਿਕਟ ਬਾਰੇ ਹੋਰ ਜਾਣਨ ਲਈ, www.bramptoninnovationdistrict.com ਤੇ ਜਾਓ ਜਾਂ ਸਿਟੀ ਦਾ ਇਨੋਵੇਸ਼ਨ ਡਿਸਟ੍ਰਿਕਟ ਵੀਡੀਓ (Innovation District video) ਦੇਖੋ।

**ਹਵਾਲੇ**

"ਕੋਲੀਸ਼ਨ ਦੁਨੀਆ ਵਿੱਚ ਟੌਪ ਟੈਕ ਕਾਨਫਰੰਸਾਂ ਵਿੱਚੋਂ ਇੱਕ ਹੈ, ਜੋ ਲੋਕਾਂ, ਸ਼ਾਨਦਾਰ ਵਿਚਾਰਾਂ ਅਤੇ ਦੁਨੀਆ ਦੀਆਂ ਵੱਡੀਆਂ ਕੰਪਨੀਆਂ ਨੂੰ ਇਕੱਠੇ ਲਿਆਉਂਦੀ ਹੈ। ਮੈਨੂੰ ਪਿਛਲੇ ਹਫਤੇ ਇਹ ਉਜਾਗਰ ਕਰਨ ਲਈ ਕੋਲੀਸ਼ਨ ਵਿਖੇ ਸਾਡੀ ਇਕੋਨੋਮਿਕ ਡਿਵੈਲਪਮੈਂਟ ਟੀਮ ਨਾਲ ਜੁੜਨ ਦਾ ਸਨਮਾਨ ਮਿਲਿਆ ਕਿ ਬ੍ਰੈਂਪਟਨ ਨਿਵੇਸ਼ ਕਰਨ ਲਈ ਇੱਕ ਮੁੱਖ ਥਾਂ ਹੈ। ਸਾਡੀ ਸਿਟੀ ਵਿੱਚ ਰੋਮਾਂਚਕ ਪਰਿਵਰਤਨ ਹੋ ਰਿਹਾ ਹੈ ਅਤੇ ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਇਕੱਠੇ ਅਸੀਂ, ਸਾਡੇ ਇਨੋਵੇਸ਼ਨ ਡਿਸਟ੍ਰਿਕਟ ਨੂੰ ਇੱਕ ਵੱਡੇ ਸਿੱਖਿਆ ਅਤੇ ਇਨੋਵੇਸ਼ਨ ਕੇਂਦਰ ਵਿੱਚ ਵਿਕਸਿਤ ਕਰ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਐਂਟਰਪ੍ਰੀਨਰਸ ਅਤੇ ਸਟਾਰਟ-ਅਪਸ ਦੇ ਸੰਪੰਨ ਹੋਣ ਵਾਸਤੇ ਸ਼ਾਨਦਾਰ ਵਸੀਲਿਆਂ ਵਾਲਾ ਮੌਕਿਆਂ ਦਾ ਸ਼ਹਿਰ ਹੈ ਅਤੇ ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਇਕੱਠੇ ਅਸੀਂ, ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਇੱਕ ਇਨੋਵੇਸ਼ਨ ਸਿਸਟਮ ਬਣਾ ਰਹੇ ਹਾਂ। ਸਾਡੀ ਇਕੋਨੋਮਿਕ ਡਿਵੈਲਪਮੈਂਟ ਟੀਮ ਦਾ ਧੰਨਵਾਦ ਕਿ ਉਹਨਾਂ ਨੇ ਪਿਛਲੇ ਹਫਤੇ, ਕੋਲੀਸ਼ਨ ਵਿੱਚ 35,000 ਗਲੋਬਲ ਦਰਸ਼ਕਾਂ ਦੇ ਸਾਮ੍ਹਣੇ ਬ੍ਰੈਂਪਟਨ ਨੂੰ ਪ੍ਰਦਰਸ਼ਿਤ ਕੀਤਾ।

ਬ੍ਰੈਂਪਟਨ ਦਾ ਮਤਲਬ ਹੈ ਕਾਰੋਬਾਰ, ਅਤੇ ਅਸੀਂ ਲਗਾਤਾਰ ਸਾਡੀ ਕਮਿਉਨਿਟੀ ਵਿੱਚ ਵੱਡੀਆਂ ਗਲੋਬਲ ਕੰਪਨੀਆਂ ਨੂੰ ਆਕਰਸ਼ਿਤ ਕਰਨ ਅਤੇ ਜੋੜ ਕੇ ਰੱਖਣ ਲਈ ਉਤਸ਼ਾਹਿਤ ਹਾਂ।"

- *ਮਾਰਟਿਨ ਮੇਡੇਇਰੋਸ* (Martin Medeiros), *ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਸਾਡਾ ਬ੍ਰੈਂਪਟਨ ਇਕੋਨੋਮਿਕ ਡਿਵੈਲਪਮੈਂਟ ਆਫਿਸ ਲਗਾਤਾਰ, ਸਾਡੀ ਸਮੁੱਚੀ ਕਮਿਉਨਿਟੀ ਨੂੰ ਫਾਇਦਾ ਪਹੁੰਚਾਉਣ ਵਾਸਤੇ, ਸਾਡੇ ਸ਼ਹਿਰ ਨੂੰ ਸਿੱਖਿਆ ਅਤੇ ਇਨੋਵੇਸ਼ਨ ਕੇਂਦਰ ਵਿੱਚ ਵਿਕਸਿਤ ਕਰਨ ਦੀ ਅਗਵਾਈ ਕਰ ਰਿਹਾ ਹੈ। ਸਾਡੀ ਟੀਮ ਦਾ ਧੰਨਵਾਦ ਕਿ ਉਹਨਾਂ ਨੇ ਪਿਛਲੇ ਹਫਤੇ ਕੋਲੀਸ਼ਨ ਕਾਨਫਰੰਸ ਵਿੱਚ, ਸੋਲਡ ਆਉਟ, ਗਲੋਬਲ ਦਰਸ਼ਕਾਂ ਦੇ ਸਾਮ੍ਹਣੇ ਬ੍ਰੈਂਪਟਨ ਦੀਆਂ ਤਾਕਤਾਂ ਨੂੰ ਉਜਾਗਰ ਕੀਤਾ। ਅਸੀਂ ਇਹ ਸਿੱਧ ਕਰਨ ਲਈ ਕਿ ਬ੍ਰੈਂਪਟਨ ਨਿਵੇਸ਼ ਕਰਨ ਲਈ ਇੱਕ ਮੁੱਖ ਥਾਂ ਹੈ ਅਤੇ ਇਨੋਵੇਸ਼ਨ ਕੋਰੀਡੋਰ ਤੇ ਬ੍ਰੈਂਪਟਨ ਦੀ ਬੇਜੋੜ ਸਥਿਤੀ ਸਥਾਪਤ ਕਰਨ ਲਈ ਸਮਰਪਿਤ ਹਾਂ।"

- *ਕਲੇਅਰ ਬਾਰਨੇਟ* (Clare Barnett), *ਡਾਇਰੈਕਟਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca